

1930 ਤੇ 40 ਵਿਆਂ ਦੇ ਦਹਾਕੇ ਦੌਰਾਨ ਕ੍ਰਿਸ਼ਨਾਮੂਰਤੀ ਆਪਣੀਆਂ ਵਾਰਤਾਵਾਂ, ਕੁਦਰਤ ਨਾਲ਼ ਆਪਣੇ ਸੰਵਾਦ, ਜੀਵਨ ਬਾਰੇ ਆਪਣੇ ਚਿੰਤਨ, ਤੇ ਵੱਖ-ਵੱਖ ਲੋਕਾਂ ਤੇ ਸਮੂਹਾਂ ਨਾਲ਼ ਹੋਈਆਂ ਗੱਲਾਂ ਬਾਰੇ ਨਿਜੀ ਨੋਟਸ ਲੈਂਦੇ ਰਹੇ ਸੀ। ਹਾਲਾਂਕਿ ਇਹ ਕੋਈ ਨਿਰੰਤਰ ਸਿਲਸਿਲਾ ਨਹੀਂ ਸੀ, ਪਰ ਦੁਨੀਆ ਭਰ ਵਿੱਚ ਅਨੇਕਾਂ ਹੀ ਆਮ ਸਧਾਰਣ ਲੋਕਾਂ ਨਾਲ਼ ਹੋਈ ਉਨ੍ਹਾਂ ਦੀ ਇਸ ਗੱਲ-ਬਾਤ ਨੂੰ 'ਕੁਮੈਂਟਰੀਜ਼ ਔਨ ਲਿਵਿੰਗ' ਦੇ ਰੂਪ ਵਿੱਚ ਇਕੱਠਾ ਕਰਕੇ ਤਿੰਨ ਕਿਤਾਬਾਂ ਦੀ ਲੜੀ ਵੱਜੋਂ ਪ੍ਰਕਾਸ਼ਿਤ ਕੀਤਾ ਗਿਆ। ਇਹ ਮੌਜੂਦਾ ਲੜੀ ਉਸੇ ਦਾ ਪੰਜਾਬੀ ਅਨੁਵਾਦ ਹੈ।

ਇਨ੍ਹਾਂ ਛੋਟੇ-ਛੋਟੇ ਅਧਿਆਵਾਂ ਵਿੱਚ ਜਿੱਥੇ ਕੁਦਰਤ ਦਾ ਬੇਹੱਦ ਸਜੀਵ ਚਿਤਰਣ ਦੇਖਣ ਨੂੰ ਮਿਲਦਾ ਹੈ ਉੱਥੇ ਮਨੁੱਖ ਦੇ ਬੁਨਿਆਦੀ ਮਾਨਸਿਕ ਮਸਲਿਆਂ ਦੀ ਮਹੀਨ ਛਾਣਬੀਨ ਵੀ ਨਜ਼ਰ ਆਉਂਦੀ ਹੈ, ਜਿਹੜੀ ਸਾਹਮਣੇ ਵਾਲੇ ਬੰਦੇ ਨਾਲ਼ ਹੁੰਦੀ ਗੱਲਬਾਤ ਵਿੱਚ ਸਹਿਜੇ ਹੀ ਉੱਭਰ ਕੇ ਸਾਹਮਣੇ ਆਉਂਦੀ ਹੈ। ਇਨ੍ਹਾਂ ਕਿਤਾਬਾਂ ਨੂੰ ਕ੍ਰਿਸ਼ਨਾਮੂਰਤੀ ਦੀਆਂ ਸਭ ਤੋਂ ਸੌਖੀਆਂ ਕਿਤਾਬਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ, ਹਾਲਾਂਕਿ ਇਨ੍ਹਾਂ ਵਿੱਚ ਵੀ ਹਰ ਥਾਂ ਗਿਆਨ, ਸੱਚਾਈ, ਪੂਰਣਤਾ, ਧਿਆਨ, ਆਜ਼ਾਦੀ, ਪਿਆਰ, ਕੋਸ਼ਿਸ਼, ਸਿਆਣਪ, ਮੌਤ, ਲਾਲਸਾਵਾਂ, ਡਰ ਤੇ ਅਸਲ ਐਕਸ਼ਨ ਵਰਗੇ ਗੰਭੀਰ ਮੁੱਦਿਆਂ ਉੱਤੇ ਖੋਜ-ਪੜਤਾਲ ਦੇਖਣ ਨੂੰ ਮਿਲਦੀ ਹੈ। ਇਨ੍ਹਾਂ ਸੰਵਾਦਾਂ ਰਾਹੀਂ ਸੋਚਾਂ ਵਿੱਚੋਂ ਉਪਜਦੇ ਮਨੁੱਖੀ ਦੁੱਖ ਨੂੰ ਪੂਰੀ ਤਰ੍ਹਾਂ ਨਾਲ਼ ਉਘਾੜਿਆ ਗਿਆ ਹੈ।

ਇਸ ਲੜੀ ਵਿੱਚ ਲੇਖਣੀ ਦਾ ਇੱਕ ਨਵਾਂ ਹੀ ਰੂਪ ਉੱਭਰ ਕੇ ਸਾਹਮਣੇ ਆਉਂਦਾ ਹੈ- ਜਿਸ ਅੰਦਰ ਕੁਦਰਤ ਦੀਆਂ ਬੜੀਆਂ ਹੀ ਪ੍ਰਗੀਤਕ ਝਲਕੀਆਂ ਹਨ, ਫ਼ਲਸਫ਼ੇ ਦੀ ਡੂੰਘਾਈ ਤੇ ਮਾਨਸਿਕ ਅੰਤਰ-ਝਲਕੀਆਂ ਹਨ, ਤੇ ਇਸ ਸਾਰੇ ਕੁਝ ਨੂੰ ਇੱਕ ਡੂੰਘੇ ਧਾਰਮਿਕ ਅਹਿਸਾਸ ਦੀ ਰੰਗਤ ਵਿੱਚ ਪੇਸ਼ ਕੀਤਾ ਗਿਆ ਹੈ, ਜਿਸਦੀ ਵਾਰਤਕ ਬੇਹਦ ਦਿਲਕਸ਼ ਤੇ ਨਿੱਖਰਵੀਂ ਹੈ। ਇਹ ਲੜੀ ਪਾਠਕ ਨੂੰ ਸੱਦਾ ਦਿੰਦੀ ਹੈ ਕਿ ਉਹ ਕ੍ਰਿਸ਼ਨਾਮੂਰਤੀ ਦੇ ਸੰਗ-ਸੰਗ ਮਨ ਦੇ ਸੰਸਕਾਰਾਂ ਨੂੰ ਸਮਝਣ ਤੇ ਆਜ਼ਾਦੀ ਦੇ 'ਅਣਗਾਹੇ ਰਾਹਾਂ' ਦੀ ਅਨੰਤ ਯਾਤਰਾ ਉੱਤੇ ਨਿੱਕਲ ਜਾਵੇ।

ਔਟਮ ਆਰਟ
ISBN 198931056-3
₹ 350

ਜੀਉਣ ਬਾਰੇ ਗੱਲਬਾਤ 1 ਜੇ. ਕ੍ਰਿਸ਼ਨਾਮੂਰਤੀ

ਜੇ. ਕ੍ਰਿਸ਼ਨਾਮੂਰਤੀ

# ਜੀਉਣ ਬਾਰੇ ਗੱਲਬਾਤ 1



**Punjabi Translation of**
Commentaries On Living

# ਤਤਕਰਾ


| | |
|---|---|
| 1. ਹਉਮੈ ਦੇ ਤਿੰਨ ਪੁਤਲੇ | 11 |
| 2. ਪਛਾਣ | 14 |
| 3. ਚੁਗਲੀਆਂ ਤੇ ਚਿੰਤਾ | 16 |
| 4. ਸੋਚ-ਵਿਚਾਰ ਤੇ ਪ੍ਰੇਮ | 18 |
| 5. ਇਕੱਲਤਾ ਅਤੇ ਅਲਗਾਵ | 20 |
| 6. ਗੁਰੂ ਤੇ ਚੇਲਾ | 22 |
| 7. ਗ਼ਰੀਬ ਤੇ ਅਮੀਰ | 24 |
| 8. ਰਸਮਾਂ ਤੇ ਧਰਮ-ਪਰਿਵਰਤਨ | 27 |
| 9. ਗਿਆਨ | 30 |
| 10. ਇੱਜ਼ਤ-ਮਾਣ | 32 |
| 11. ਸਿਆਸਤ | 34 |
| 12. ਅਹਿਸਾਸ | 37 |
| 13. ਸਦਗੁਣ | 39 |
| 14. ਹਿਰਦੈ ਦੀ ਸਾਦਗੀ | 41 |
| 15. ਵਿਅਕਤੀ ਦੇ ਵੱਖ-ਵੱਖ ਚਿਹਰੇ | 43 |
| 16. ਨੀਂਦ | 45 |
| 17. ਰਿਸ਼ਤਿਆਂ 'ਚ ਪ੍ਰੇਮ | 47 |
| 18. ਜਾਣਿਆ ਹੋਇਆ ਤੇ ਅਗਿਆਤ | 50 |
| 19. ਸੱਚ ਦੀ ਤਲਾਸ਼ | 53 |
| 20. ਸੰਵੇਦਨਸ਼ੀਲਤਾ | 56 |
| 21. ਵਿਅਕਤੀ ਅਤੇ ਸਮਾਜ | 58 |
| 22. ਹਉਮੈ | 61 |
| 23. ਵਿਸ਼ਵਾਸ | 64 |
| 24. ਮੌਨ | 67 |
| 25. ਅਮੀਰੀ ਦਾ ਤਿਆਗ | 69 |
| 26. ਦੁਹਰਾਵ ਤੇ ਸਨਸਨੀ | 72 |
| 27. ਰੇਡੀਓ ਤੇ ਸੰਗੀਤ | 74 |
| 28. ਸੱਤਾ | 76 |

29. ਧਿਆਨ 79
30. ਗ਼ੁੱਸਾ 82
31. ਮਾਨਸਿਕ ਸੁਰੱਖਿਆ 85
32. ਅਲਗਾਵ 88
33. ਤਾਕਤ 91
34. ਨੇਕ-ਨੀਯਤੀ/ਇਮਾਨਦਾਰੀ 93
35. ਪੂਰਨਤਾ 96
36. ਸ਼ਬਦ 98
37. ਖ਼ਿਆਲ ਤੇ ਹਕੀਕਤ 101
38. ਨਿਰੰਤਰਤਾ 104
39. ਆਤਮ-ਰੱਖਿਆ 107
40. 'ਮੇਰਾ ਪੰਥ ਤੇ ਤੇਰਾ ਪੰਥ' 110
41. ਸਜਗਤਾ 115
42. ਇਕੱਲਾਪਣ 121
43. ਇੱਕਸਾਰਤਾ 125
44. ਐਕਸ਼ਨ ਅਤੇ ਵਿਚਾਰ 129
45. ਸ਼ਹਿਰੀ ਜੀਵਨ 132
46. ਜਨੂੰਨ 134
47. ਰੂਹਾਨੀ ਲੀਡਰ 137
48. ਉਤੇਜਨਾ 141
49. ਮਸਲੇ ਤੇ ਭੱਜਣ ਦੇ ਰਾਹ 144
50. 'ਜੋ ਹੈ' ਤੇ 'ਜੋ ਹੋਣਾ ਚਾਹੀਦਾ ਹੈ' 148
51. ਵਿਰੋਧਤਾਵਾਂ 151
52. ਈਰਖਾ 155
53. ਸਹਿਜ-ਸੁਭਾਵਿਕ 158
54. ਸੁਚੇਤ ਅਤੇ ਅਚੇਤ 161
55. ਚੁਣੌਤੀਆਂ ਤੇ ਉਨ੍ਹਾਂ ਦਾ ਜਵਾਬ 164
56. ਮਾਲਕੀ 167
57. ਸਵੈ-ਮਾਣ 171
58. ਡਰ 175

| | |
|---|---|
| 59. 'ਪਿਆਰ ਕਿਵੇਂ ਪੈਦਾ ਹੋਵੇ?' | 178 |
| 60. ਫ਼ਲ ਦੀ ਅਰਥਹੀਣਤਾ | 182 |
| 61. ਆਨੰਦ ਦੀ ਖ਼ਾਹਿਸ਼ | 185 |
| 62. ਸੋਚ-ਵਿਚਾਰ ਤੇ ਚੇਤਨਾ | 189 |
| 63. ਆਤਮ-ਬਲਿਦਾਨ | 192 |
| 64. ਜੋਤ ਅਤੇ ਧੂੰਆ | 195 |
| 65. ਮਨ ਦੇ ਰੁਝੇਵੇਂ | 198 |
| 66. ਸੋਚਾਂ ਦਾ ਅੰਤ | 201 |
| 67. ਖ਼ਾਹਿਸ਼ਾਂ ਤੇ ਟਕਰਾਵ | 204 |
| 68. ਮਕਸਦ ਮੁਕਤ ਐਕਸ਼ਨ | 207 |
| 69. ਕਾਰਣ ਤੇ ਕਾਰਜ | 211 |
| 70. ਜੜ੍ਹਤਾ | 215 |
| 71. ਐਕਸ਼ਨ ਵਿਚਲੀ ਸਪੱਸ਼ਟਤਾ | 218 |
| 72. ਵਿਚਾਰਧਾਰਾ | 222 |
| 73. ਖ਼ੂਬਸੂਰਤੀ | 227 |
| 74. ਏਕਤਾ-ਅਖੰਡਤਾ | 231 |
| 75. ਡਰ ਤੇ ਉਸ ਤੋਂ ਭੱਜਣ ਦੇ ਰਾਹ | 236 |
| 76. ਲੁੱਟ-ਖਸੁੱਟ ਤੇ ਸਰਗਰਮੀ | 241 |
| 77. ਵਿਦਵਾਨ ਜਾਂ ਸਿਆਣਾ | 246 |
| 78. ਮੌਨ ਤੇ ਇੱਛਾ-ਸ਼ਕਤੀ | 251 |
| 79. ਮਹੱਤਵਕਾਂਖਿਆ | 255 |
| 80. ਸੰਤੁਸ਼ਟੀ | 259 |
| 81. ਗਿਆਨ ਦਾ ਭੰਡਾਰ ਸਿਆਣਪ ਨਹੀਂ | 264 |
| 82. ਭਟਕਣ | 269 |
| 83. ਸਮਾਂ | 274 |
| 84. ਦੁੱਖ | 278 |
| 85. ਸਨਸਨੀ ਤੇ ਖ਼ੁਸ਼ੀ | 283 |
| 86. ਝੂਠ ਨੂੰ ਝੂਠ ਵਾਂਗ ਦੇਖਣਾ | 288 |
| 87. ਸੁਰੱਖਿਆ | 292 |
| 88. ਕੰਮ | 298 |

# 17. ਰਿਸ਼ਤਿਆਂ ’ਚ ਪ੍ਰੇਮ

ਰਸਤਾ ਇੱਕ ਖੇਤ ’ਚੋਂ ਲੰਘਦਾ ਉੱਪਰ ਪਹਾੜੀ ਵੱਲ ਨੂੰ ਜਾਂਦਾ, ਥੱਲੇ ਕਈ ਬਿਲਡਿੰਗਾਂ ਨਜ਼ਰ ਆਉਂਦੀਆਂ, ਗਾਵਾਂ ਨਾਲ਼ ਉਨ੍ਹਾਂ ਦੇ ਬਛੜੇ, ਮੁਰਗੇ, ਘੋੜੇ ਤੇ ਖੇਤਾਂ ਦਾ ਸਾਜੋ-ਸਮਾਨ। ਰਸਤਾ ਬਹੁਤ ਸੋਹਣਾ ਸੀ, ਜੰਗਲ ਦੇ ਵਿੱਚੋ-ਵਿੱਚ ਦੀ ਹੋ ਕੇ ਜਾਂਦਾ, ਹਿਰਨ ਤੇ ਕੋਈ ਹੋਰ ਜੰਗਲੀ ਜਾਨਵਰ ਵੀ ਅਕਸਰ ਇੱਥੋ ਲੰਘਦੇ, ਜਿਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਨਰਮ ਮਿੱਟੀ ’ਤੇ ਬਣੇ ਹੋਏ ਸਨ। ਜਦੋਂ ਬਿਲਕੁਲ ਚੁੱਪ ਹੁੰਦੀ ਤਾਂ ਖੇਤਾਂ ’ਚੋਂ ਆਉਂਦੀਆਂ ਆਵਾਜ਼ਾਂ, ਰੇਡੀਓ ’ਚੋਂ ਆਉਂਦੀ ਆਵਾਜ਼ ਤੇ ਹਾਸੇ, ਕਿੰਨੀ ਦੂਰ ਤਾਈਂ ਜਾਂਦੀਆਂ। ਬੜੇ ਸਲੀਕੇ ਨਾਲ਼ ਸੰਭਾਲਿਆ ਹੋਇਆ ਖੇਤ ਸੀ, ਹਰ ਚੀਜ਼ ਟਿਕਾਣੇ ਸਿਰ ਪਈ ਲਗਦੀ। ਆਵਾਜ਼ਾਂ ਅਕਸਰ ਗ਼ੁੱਸੇ ’ਚ ਆਉਂਦੀਆਂ, ਝਿੜਕਾਂ ਤੇ ਉਸ ਤੋਂ ਬਾਅਦ ਬੱਚਿਆਂ ਦੀ ਚੁੱਪ। ਰੁੱਖਾਂ ਦਰਮਿਆਨ ਇੱਕ ਗੁਣਗੁਣਾਹਟ ਸੀ ਤੇ ਉਹ ਗ਼ੁਸੈਲੀਆਂ ਆਵਾਜ਼ਾਂ ਉਸ ਨੂੰ ਚੀਰ ਦੀਆਂ ਆਉਂਦੀਆਂ। ਅਚਾਨਕ ਦਰਵਾਜ਼ੇ ਨੂੰ ਠੋਕਰ ਮਾਰਦੀ ਇੱਕ ਔਰਤ ਘਰੋਂ ਬਾਹਰ ਨਿਕਲੀ ਤੇ ਗਾਂਵਾਂ ਵਾਲੇ ਕੋਠੇ ’ਚ ਜਾ ਵੜੀ ਤੇ ਸੋਟੀ ਲੈ ਕੇ ਇੱਕ ਗਾਂ ਨੂੰ ਕੁੱਟਣ ਲੱਗੀ। ਕੁੱਟਣ ਦੀ ਉਹ ਕਰਕਸ਼ ਆਵਾਜ਼ ਪਹਾੜੀ ਦੇ ਉੱਪਰ ਤੱਕ ਆਉਂਦੀ ਸੀ।

ਕਿੰਨਾ ਸੌਖਾ ਹੈ ਉਸ ਸਭ ਨੂੰ ਬਰਬਾਦ ਕਰ ਦੇਣਾ ਜਿਸਨੂੰ ਤੁਸੀਂ ਪਿਆਰ ਕਰਦੇ ਹੋ। ਕਿੰਨੀ ਛੇਤੀ ਸਾਡੇ ਵਿਚਾਲੇ ਬੈਰੀਅਰ ਖੜ੍ਹੇ ਹੋ ਜਾਂਦੇ, ਕੋਈ ਸ਼ਬਦ, ਕੋਈ ਇਸ਼ਾਰਾ, ਇੱਕ ਮੁਸਕਾਨ। ਸਿਹਤ, ਮੂਡ ਤੇ ਖ਼ਾਹਿਸ਼ਾਂ ਹਰ ਚੀਜ਼ ਦਾ ਅਸਰ ਪੈਂਦਾ, ਚੰਗੀ ਭਲੀ ਚਮਕਦੀ ਸ਼ੈਅ ਮਿੰਟ ’ਚ ਉਦਾਸ ਤੇ ਬੋਝ ਲੱਗਣ ਲਗਦੀ। ਵਰਤਦੇ-ਵਰਤਦੇ ਅਸੀਂ ਖ਼ੁਦ ਨੂੰ ਘਿਸਾ ਲੈਂਦੇ ਹਾਂ, ਤੇ ਜੋ ਕਿਸੇ ਵੇਲ਼ੇ ਬਿਲਕੁਲ ਸਾਫ਼-ਸਪੱਸ਼ਟ ਸੀ ਧੁੰਦਲਾ ਪੈ ਜਾਂਦਾ, ਉਲਝਿਆ ਹੋਇਆ। ਜੋ ਬਿਲਕੁਲ ਸਾਦਾ ਤੇ ਖ਼ੂਬਸੂਰਤ ਹੁੰਦਾ ਹੈ, ਉਮੀਦਾਂ ਤੇ ਨਿਰਾਸ਼ਾਵਾਂ ਝੱਲਦਾ, ਰਗੜਾਂ ਖਾਂਦਾ, ਡਰਾਉਣਾ ਤੇ ਮੰਗਤਾ ਜਿਹਾ ਹੋ ਜਾਂਦਾ। ਰਿਸ਼ਤੇ ਬੜੀ ਔਖੀ ਤੇ ਗੁੰਝਲਦਾਰ ਸ਼ੈਅ ਹਨ ਤੇ ਬਹੁਤ ਥੋੜ੍ਹੇ ਹੀ ਇਨ੍ਹਾਂ ’ਚੋਂ ਸਹੀ ਸਲਾਮਤ ਨਿਕਲ ਪਾਉਂਦੇ ਹਨ। ਹਾਲਾਂਕਿ ਅਸੀਂ ਚਾਹੁੰਦੇ ਹਾਂ ਕਿ ਇਹ ਹਮੇਸ਼ਾਂ ਇੱਕੋ ਜਿਹੇ ਰਹਿਣ, ਸਦਾਬਹਾਰ ਤੇ ਟਿਕਾਊ। ਪਰ ਰਿਸ਼ਤੇ ਤਾਂ ਇੱਕ ਗਤੀ ਹਨ, ਇੱਕ ਪ੍ਰਕਿਰਿਆ ਜਿਸਨੂੰ ਗਹਿਰਾਈ ਨਾਲ਼ ਤੇ ਪੂਰੀ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ ਤੇ ਕਿਸੇ ਅੰਦਰੂਨੀ ਜਾਂ ਬਾਹਰੀ ਪੈਟਰਨ ਮੁਤਾਬਕ ਢਾਲਣਾ ਨਹੀਂ ਚਾਹੀਦਾ। ਕਿਸੇ ਮੁਤਾਬਕ ਢਲਣਾ, ਜੋ ਕਿ ਸਮਾਜਿਕ ਢਾਂਚਾ ਹੈ, ਇਸਦਾ ਵਜ਼ਨ ਤੇ ਅਥਾਰਟੀ ਉਦੋਂ ਹੀ ਖ਼ਤਮ ਹੁੰਦੀ ਹੈ, ਜਦੋਂ ਪਿਆਰ ਹੁੰਦਾ ਹੈ। ਰਿਸ਼ਤਿਆਂ ਵਿਚਲਾ ਪ੍ਰੇਮ ਇੱਕ ਸ਼ੁੱਧੀਕਰਣ ਦਾ ਅਮਲ ਹੈ, ਕਿਉਂਕਿ ਇਹ ਖ਼ੁਦੀ ਦੇ ਰਾਹਾਂ ਨੂੰ ਬੇਨਕਾਬ ਕਰਦਾ ਹੈ। ਬਿਨਾਂ ਇਸ ਪ੍ਰਗਟਾਓ ਤੋਂ—ਖੁੱਲ੍ਹ ਕੇ ਪ੍ਰਗਟ ਹੋਣ ਤੋਂ ਬਿਨਾਂ—ਰਿਸ਼ਤਿਆਂ ਦਾ ਕੁਝ ਖ਼ਾਸ ਮਤਲਬ ਨਹੀਂ।

ਪਰ ਕਿਵੇਂ ਅਸੀਂ ਇਸ ਪ੍ਰਗਟਾਓ ਦੇ ਖ਼ਿਲਾਫ਼ ਜੂਝਦੇ ਹਾਂ। ਇਹ ਸੰਘਰਸ਼ ਕਈ ਰੂਪ ਲੈਂਦਾ ਹੈ: ਦਬਦਬਾ ਜਾਂ ਗ਼ੁਲਾਮੀ, ਡਰ ਜਾਂ ਉਮੀਦ, ਈਰਖਾ ਜਾਂ ਸਵੀਕਾਰ ਤੇ ਕਈ ਹੋਰ।

ਮੁਸ਼ਕਿਲ ਇਹ ਹੈ ਕਿ ਅਸੀਂ ਪਿਆਰ ਨਹੀਂ ਕਰਦੇ; ਤੇ ਜੇ ਕਰਦੇ ਵੀ ਹਾਂ ਤਾਂ ਚਾਹੁੰਦੇ ਹਾਂ ਕਿ ਉਹ ਇੱਕ ਖ਼ਾਸ ਤਰੀਕੇ ਨਾਲ਼ ਹੀ ਕੰਮ ਕਰੇ, ਅਸੀਂ ਉਸਨੂੰ ਆਜ਼ਾਦ ਨਹੀਂ ਛੱਡਦੇ। ਅਸੀਂ ਦਿਲ ਨਾਲ਼ ਨਹੀਂ ਸਗੋਂ ਮਨ ਨਾਲ਼ ਪਿਆਰ ਕਰਦੇ ਹਾਂ। ਮਨ ਖ਼ੁਦ ਨੂੰ ਬਦਲ ਸਕਦਾ ਹੈ, ਪਰ ਪ੍ਰੇਮ ਨਹੀਂ। ਮਨ ਖ਼ੁਦ ਨੂੰ ਅਜਿੱਤ ਬਣਾ ਸਕਦਾ ਹੈ, ਪਰ ਪ੍ਰੇਮ ਨਹੀਂ। ਮਨ ਕਦੇ ਵੀ ਹੱਥ ਖਿੱਚ ਸਕਦਾ ਹੈ, ਕਿਸੇ ਖ਼ਾਸ ਲਈ ਹੋ ਸਕਦਾ ਹੈ, ਨਿੱਜੀ ਹੋ ਸਕਦਾ ਹੈ ਜਾਂ ਨਿਜੀ ਨਹੀਂ ਵੀ ਹੋ ਸਕਦਾ ਹੈ। ਪ੍ਰੇਮ ਦੀ ਤੁਲਨਾ ਨਹੀਂ ਹੋ ਸਕਦੀ ਤੇ ਨਾ ਹੀ ਉਸਨੂੰ ਡੱਕਿਆ ਜਾ ਸਕਦਾ ਹੈ। ਸਾਡੀ ਮੁਸ਼ਕਿਲ ਇਹ ਹੈ ਕਿ ਜਿਸਨੂੰ ਅਸੀਂ ਪਿਆਰ ਕਹਿੰਦੇ ਹਾਂ, ਉਹ ਅਸਲ 'ਚ ਮਨ ਨਾਲ਼ ਸੰਬੰਧਤ ਹੈ। ਅਸੀਂ ਆਪਣੇ ਹਿਰਦੇ ਨੂੰ ਮਨ ਦੀਆਂ ਵਸਤਾਂ ਨਾਲ਼ ਭਰ ਛੱਡਿਆ ਹੈ ਤੇ ਹਮੇਸ਼ਾਂ ਇਸਨੂੰ ਖ਼ਾਲੀ ਰੱਖਦੇ ਹਾਂ, ਮੰਗਤਾ ਬਣਾ ਕੇ। ਮਨ ਹੈ ਜੋ ਫੜਦਾ ਹੈ, ਈਰਖਾ ਕਰਦਾ ਹੈ, ਜਕੜਦਾ ਹੈ ਤੇ ਬਰਬਾਦ ਕਰਦਾ ਹੈ। ਸਾਡੇ ਜੀਵਨ 'ਤੇ ਜਿਸਮਾਨੀ ਕੇਂਦਰ ਅਤੇ ਮਨ ਭਾਰੂ ਹਨ। ਅਸੀਂ ਪਿਆਰ ਨਹੀਂ ਕਰਦੇ ਤੇ ਨਾ ਉਸਨੂੰ ਇਕੱਲਾ ਛਡਦੇ ਹਾਂ, ਸਗੋਂ ਪਿਆਰ ਲਈ ਤਾਂਘਦੇ ਹਾਂ; ਅਸੀਂ ਦਿੰਦੇ ਵੀ ਹਾਸਿਲ ਕਰਨ ਲਈ ਹਾਂ, ਇਹ ਮਨ ਦੀ ਉਦਾਰਤਾ ਹੈ ਦਿਲ ਦੀ ਨਹੀਂ। ਮਨ ਹਮੇਸ਼ਾਂ ਸੁਰੱਖਿਆ ਪਿੱਛੇ ਦੌੜਦਾ ਹੈ, ਨਿਸ਼ਚਿਤਤਾ ਲਈ; ਤਾਂ ਕੀ ਮਨ ਪਿਆਰ ਨੂੰ ਨਿਸ਼ਚਿਤ ਬਣਾ ਸਕਦਾ ਹੈ? ਕੀ ਮਨ, ਜਿਸ ਦਾ ਸਾਰ ਹੀ ਸਮਾਂ ਹੈ, ਪ੍ਰੇਮ ਨੂੰ ਛੂਹ ਸਕਦਾ ਹੈ, ਜੋ ਖ਼ੁਦ ਆਪਣੀ ਹੀ ਸਦੀਵਤਾ ਹੈ?

ਇੱਥੋਂ ਤੱਕ ਕਿ ਹਿਰਦੇ ਦੇ ਪ੍ਰੇਮ ਦੀਆਂ ਵੀ ਆਪਣੀਆਂ ਹੀ ਚਾਲਾਂ ਹਨ; ਅਸੀਂ ਹਿਰਦੇ ਨੂੰ ਇੰਨਾ ਭ੍ਰਿਸ਼ਟ ਕਰ ਲਿਆ ਹੈ ਕਿ ਉਹ ਝਿਜਕਦਾ ਹੈ, ਬੌਂਦਲਿਆ ਹੋਇਆ। ਇਸੇ ਲਈ ਜੀਵਨ ਇੰਨਾ ਦੁੱਖਦਾਈ ਤੇ ਬੋਝਲ ਹੋ ਗਿਆ ਹੈ। ਇੱਕ ਛਿਣ ਲਗਦਾ ਹੈ ਕਿ ਅਸੀਂ ਪਿਆਰ ਕਰਦੇ ਹਾਂ ਤੇ ਅਗਲੇ ਹੀ ਪਲ ਉਹ ਗੁਆਚ ਜਾਂਦਾ ਹੈ। ਇੱਥੇ ਹੀ ਉਹ ਅਥਾਹ ਤਾਕਤ ਉੱਭਰਦੀ ਹੈ, ਜੋ ਮਨ ਦੀ ਨਹੀਂ ਹੈ, ਜਿਸਦੇ ਸਰੋਤ ਨੂੰ ਜਾਣਿਆ ਨਹੀਂ ਜਾ ਸਕਦਾ। ਇਸ ਤਾਕਤ ਨੂੰ ਵੀ ਮਨ ਫੇਰ ਬਰਬਾਦ ਕਰ ਦਿੰਦਾ ਹੈ; ਇਸ ਜੰਗ 'ਚ ਵੀ ਮਨ ਹੀ ਹਮੇਸ਼ਾਂ ਜਿੱਤਦਾ ਲਗਦਾ ਹੈ। ਆਪਣੇ ਅੰਦਰਲੇ ਇਸ ਟਕਰਾਵ ਨੂੰ ਸ਼ਾਤਰ ਮਨ ਜਾਂ ਝਿਜਕਦੇ ਹੋਏ ਹਿਰਦੇ ਨਾਲ਼ ਨਹੀਂ ਸੁਲਝਾਇਆ ਜਾ ਸਕਦਾ। ਕੋਈ ਤਰੀਕਾ ਨਹੀਂ ਹੈ, ਕੋਈ ਰਾਹ ਨਹੀਂ ਜਿਸ ਨਾਲ਼ ਇਸ ਟਕਰਾਵ ਨੂੰ ਖ਼ਤਮ ਕੀਤਾ ਜਾ ਸਕੇ। ਢੰਗ-ਤਰੀਕਿਆਂ ਦੀ ਖੋਜ ਮਨ ਦੀ ਹੀ ਮਾਲਕ ਹੋਣ ਦੀ ਇੱਕ ਤਾਂਘ ਹੈ, ਟਕਰਾਵ ਤੋਂ ਖਹਿੜਾ ਛੁਡਾਉਣਾ, ਕਿਉਂਜੋ ਸ਼ਾਂਤ ਹੋਣਾ ਹੈ, ਪਿਆਰ ਪਾਉਣਾ ਹੈ, ਕੁਝ ਹੋਣਾ ਹੈ।

ਸਾਡੀ ਸਭ ਤੋਂ ਵੱਡੀ ਮੁਸ਼ਕਿਲ ਪੂਰੀ ਡੂੰਘਾਈ 'ਚ ਇਸ ਬਾਰੇ ਸਜਗ ਹੋਣਾ ਹੈ ਕਿ ਮਨਚਾਹੀ ਵਸਤੂ ਦੇ ਰੂਪ 'ਚ ਪਿਆਰ ਨੂੰ ਹਾਸਿਲ ਕਰਨ ਦਾ ਕੋਈ ਤਰੀਕਾ ਨਹੀਂ। ਜਦੋਂ ਸੱਚਮੁੱਚ ਅਸੀਂ ਇਸਨੂੰ ਪੂਰੀ ਗਹਿਰਾਈ ਨਾਲ਼ ਸਮਝ ਲੈਂਦੇ ਹਾਂ, ਤਾਂ ਕੁਝ ਅਜਿਹਾ ਮਿਲਣ ਦੀ ਸੰਭਾਵਨਾ ਬਣਦੀ ਹੈ ਜੋ ਇਸ ਸੰਸਾਰ ਦਾ ਨਹੀਂ। ਉਸ ਦੀ ਛੋਹ ਤੋਂ ਬਿਨਾਂ ਅਸੀਂ ਜੋ ਚਾਹੇ ਕਰ ਲਈਏ, ਰਿਸ਼ਤਿਆਂ 'ਚ ਕੋਈ ਸਥਾਈ ਖ਼ੁਸ਼ੀ ਹੋ ਨਹੀਂ ਸਕਦੀ। ਜੇ ਤੁਸੀਂ ਉਸ ਵਰਦਾਨ ਨੂੰ ਹਾਸਿਲ ਕਰ ਲਿਆ ਹੈ ਤੇ ਮੈਂ ਵਾਂਝਾ ਹਾਂ, ਤਾਂ ਸੁਭਾਵਿਕ ਹੀ ਤੁਹਾਡੇ ਤੇ ਮੇਰੇ ਦਰਮਿਆਨ ਟਕਰਾਵ ਰਹੇਗਾ। ਹੋ ਸਕਦਾ ਹੈ ਤੁਹਾਡੇ ਅੰਦਰ ਟਕਰਾਵ ਨਾ ਹੋਵੇ ਪਰ ਮੇਰੇ

ਅੰਦਰ ਰਹੇਗਾ। ਤੇ ਆਪਣੇ ਦੁੱਖ ਤੇ ਤਕਲੀਫ਼ ’ਚ ਮੈਂ ਖ਼ੁਦ ਨੂੰ ਵੱਖਰਾ ਕਰ ਲਵਾਂਗਾ। ਦੁੱਖ ਵੀ ਸੁੱਖ ਵਾਂਗ ਹੀ ਤੋੜਦਾ ਹੈ, ਅਲੱਗ-ਥਲੱਗ ਕਰਦਾ ਹੈ। ਤੇ ਜਿੰਨੀ ਦੇਰ ਉਹ ਪ੍ਰੇਮ ਨਹੀਂ ਹੈ ਜੋ ਮੇਰਾ ਬਣਾਇਆ ਹੋਇਆ ਨਹੀਂ, ਰਿਸ਼ਤੇ ਇੱਕ ਤਕਲੀਫ਼ ਹਨ। ਜੇ ਉਸ ਪਿਆਰ ਦੀ ਰਹਿਮਤ ਹੈ, ਤਾਂ ਤੁਸੀਂ ਮੈਨੂੰ ਪਿਆਰ ਕਰੋਗੇ ਹੀ, ਮੈਂ ਚਾਹੇ ਜੋ ਵੀ ਹੋਵਾਂ, ਕਿਉਂਕਿ ਫੇਰ ਤੁਸੀਂ ਪਿਆਰ ਨੂੰ ਮੇਰੇ ਵਿਵਹਾਰ ਮੁਤਾਬਕ ਨਹੀਂ ਢਾਲਦੇ। ਮਨ ਭਾਵੇਂ ਜੋ ਚਾਹੇ ਖੇਡਾਂ ਖੇਡੇ, ਤੁਸੀਂ ਤੇ ਮੈਂ ਅੱਡ-ਅੱਡ ਹਾਂ; ਹਾਲਾਂਕਿ ਕੁਝ ਮੁੱਦਿਆਂ ’ਤੇ ਅਸੀਂ ਇੱਕ ਦੂਜੇ ਨਾਲ਼ ਹੋ ਸਕਦੇ ਹਾਂ, ਪਰ ਅਖੰਡਤਾ ਤੁਹਾਡੇ ਨਾਲ਼ ਨਹੀਂ, ਸਗੋਂ ਮੇਰੇ ਆਪਣੇ ਅੰਦਰ ਹੀ ਹੋ ਸਕਦੀ ਹੈ। ਇਹ ਅਖੰਡਤਾ ਨੂੰ ਮਨ ਕਦੇ ਨਹੀਂ ਲਿਆ ਸਕਦਾ; ਇਹ ਆਉਂਦੀ ਹੈ ਸਿਰਫ਼ ਉਦੋਂ ਜਦੋਂ ਮਨ ਪੂਰੀ ਤਰ੍ਹਾਂ ਸ਼ਾਂਤ ਹੁੰਦਾ ਹੈ, ਆਪਣੀ ਜ਼ੰਜ਼ੀਰ ਦੇ ਐਨ ਸਿਰੇ ਤਾਈਂ ਪਹੁੰਚ ਕੇ। ਸਿਰਫ਼ ਉੱਥੇ ਹੀ ਰਿਸ਼ਤਿਆਂ ’ਚ ਕੋਈ ਤਕਲੀਫ਼ ਨਹੀਂ।

# 81. ਗਿਆਨ ਦਾ ਭੰਡਾਰ ਸਿਆਣਪ ਨਹੀਂ

ਉਹ ਕੈਬਿਨ ਪਹਾੜੀ ਉੱਪਰ ਖ਼ਾਸੀ ਉਚਾਈ 'ਤੇ ਬਣਿਆ ਸੀ, ਤੇ ਉੱਥੇ ਪਹੁੰਚਣ ਲਈ ਕਾਰ ਨੂੰ ਪੂਰਾ ਲੰਬਾ-ਚੌੜਾ ਰੇਤੀਲਾ ਮੈਦਾਨ ਪਾਰ ਕਰ ਕੇ ਜਾਣਾ ਪੈਣਾ ਸੀ, ਕਈ ਸ਼ਹਿਰਾਂ 'ਚੋਂ ਲੰਘਦੇ ਹੋਏ, ਕਈ ਥਾਈਂ ਲਹਿ-ਲਹਾਉਂਦੇ ਖੇਤ ਤੇ ਫਲ਼ਾਂ ਦੀਆਂ ਲੱਦੀਆਂ ਬਗ਼ੀਚੀਆਂ ਵੀ ਆਈਆਂ, ਇਹ ਸਭ ਸਿੰਚਾਈ ਤੇ ਸਖ਼ਤ ਮਿਹਨਤ ਦੇ ਸਦਕਾ ਹੀ ਸੀ, ਜਿਸਨੇ ਰੇਗਿਸਤਾਨ ਦੇ ਇੱਕ ਹਿੱਸੇ ਦੀ ਨੁਹਾਰ ਬਦਲ ਦਿੱਤੀ ਸੀ। ਇੱਕ ਸ਼ਹਿਰ ਤਾਂ ਸੱਚਮੁੱਚ ਬਹੁਤ ਹੀ ਸੋਹਣਾ ਸੀ, ਹਰੇ ਲਾਅਨ ਤੇ ਉੱਚੇ ਛਾਂਦਾਰ ਰੁੱਖ, ਉਸਦੇ ਨੇੜਿਓਂ ਇੱਕ ਨਦੀ ਵਗਦੀ ਸੀ, ਜੋ ਦੂਰ ਪਹਾੜੋਂ ਧੁਰ ਰੇਗਿਸਤਾਨ ਵੱਲ ਨੂੰ ਉਤਰਦੀ ਆਉਂਦੀ। ਇਸ ਸ਼ਹਿਰ ਤੋਂ ਅਗਾਂਹ ਨਦੀ ਦੇ ਨਾਲ਼-ਨਾਲ਼ ਵਲ਼ ਖਾਂਦੀ ਜਾਂਦੀ ਸੜਕ ਬਰਫ਼ ਲੱਦੇ ਪਹਾੜਾਂ ਤਾਈਂ ਜਾਂਦੀ ਸੀ। ਪਥਰੀਲਾ ਰਾਹ ਸ਼ੁਰੂ ਹੋ ਗਿਆ ਸੀ, ਨੰਗੀਆਂ ਚੱਟਾਨਾਂ, ਧੁੱਪ ਦੀ ਝੁਲਸਾਈ ਧਰਤੀ, ਪਰ ਨਦੀ ਦੇ ਕੰਡੇ-ਕੰਡੇ ਕਾਫ਼ੀ ਰੁੱਖ ਸਨ। ਸੜਕ ਕਦੇ ਪਹਾੜ ਵੱਲ ਨੂੰ ਮੁੜਦੀ ਤੇ ਕਦੇ ਖਾਈ ਵੱਲ, ਉੱਚੀ ਹੀ ਉੱਚੀ ਹੁੰਦੀ ਜਾਂਦੀ ਸੀ, ਉਹ ਹੁਣ ਤਾੜ ਦੇ ਪੁਰਾਣੇ ਜੰਗਲ 'ਚੋਂ ਲੰਘ ਰਹੀ ਸੀ, ਸੂਰਜ ਦੀ ਹਵਾੜ ਤਾੜ ਦੇ ਦਰੱਖ਼ਤਾਂ 'ਚ ਰਚੀ ਹੋਈ ਸੀ। ਹਵਾ 'ਚ ਤਾਜਗੀ ਤੇ ਠੰਡਕ ਵਧਣ ਲੱਗੀ ਸੀ, ਕੁਝ ਹੀ ਦੇਰ ਬਾਅਦ ਅਸੀਂ ਉਸ ਕੈਬਿਨ 'ਤੇ ਪਹੁੰਚ ਗਏ।

ਕੁਝ ਦਿਨਾਂ ਬਾਅਦ, ਜਦ ਥੋੜ੍ਹੀ ਜਾਣ-ਪਛਾਣ ਹੋ ਗਈ ਤਾਂ ਨਾਲ਼-ਕਾਲੀਆਂ ਧਾਰੀਆਂ ਵਾਲ਼ੀ ਇੱਕ ਗਿਲਹਰੀ ਖਿੜਕੀ 'ਤੇ ਆ ਕੇ ਬੈਠ ਜਾਂਦੀ, ਕੁਝ-ਕੁਝ ਮੂੰਹ ਚਿੜਾਉਂਦੀ ਹੋਈ। ਉਹ ਸੁੱਕੇ ਮੇਵੇ ਚਾਹੁੰਦੀ ਸੀ। ਸਾਰੇ ਯਾਤਰੀ ਜ਼ਰੂਰ ਉਸਨੂੰ ਪਾਉਂਦੇ ਰਹੇ ਹੋਣਗੇ; ਪਰ ਮੁਸਾਫ਼ਿਰ ਹੁਣ ਘੱਟ ਹੀ ਰਹਿ ਗਏ ਸਨ, ਤੇ ਆਉਂਦੀਆਂ ਸਰਦੀਆਂ ਲਈ ਉਸਨੂੰ ਵੀ ਸਟੋਰ ਕਰਨ ਦੀ ਕਾਹਲ਼ੀ ਸੀ। ਉਹ ਬੜੀ ਤੇਜ਼-ਤਰਾਰ ਤੇ ਖ਼ੁਸ਼ ਮਿਜ਼ਾਜ ਗਿਲਹਰੀ ਸੀ, ਆਉਣ ਵਾਲੇ ਬਰਫ਼ੀਲੇ ਤੇ ਠੰਡੇ ਮੌਸਮ ਲਈ ਉਹ ਜੋ ਵੀ ਇਕੱਠਾ ਕਰ ਸਕਦੀ, ਹਮੇਸ਼ਾਂ ਉਸ 'ਚ ਲੱਗੀ ਰਹਿੰਦੀ। ਉਸ ਦਾ ਘਰ ਇੱਕ ਦਰੱਖ਼ਤ ਦੀ ਖੁੱਡ 'ਚ ਸੀ, ਜਿਹੜਾ ਕਈ ਸਾਲਾਂ ਤੋਂ ਸੁੱਕਿਆ ਪਿਆ ਸੀ। ਕੋਈ ਗਿਰੀ ਦਿਖ ਜਾਂਦੀ ਤਾਂ ਝਪੱਟਾ ਮਾਰ ਕੇ, ਮੂੰਹ 'ਚ ਦੱਬੀ, ਛਾਲਾਂ ਮਾਰਦੀ, ਰੌਲ਼ਾ ਪਾਉਂਦੀ ਵੱਡੀ ਸਾਰੀ ਟਹਿਣੀ 'ਤੇ ਜਾ ਚੜ੍ਹਦੀ, ਜਿਵੇਂ ਸਭ ਨੂੰ ਝਿੜਕ ਰਹੀ ਹੋਵੇ, ਡਰਾ ਰਹੀ ਹੋਵੇ, ਤੇ ਝੱਟ ਖੁੱਡ 'ਚ ਜਾ ਵੜਦੀ ਤੇ ਫੇਰ ਓਨੀ ਹੀ ਫੁਰਤੀ ਨਾਲ਼ ਹੇਠਾਂ ਉਤਰਦੀ, ਸਪੀਡ ਦੇਖ ਕੇ ਲਗਦਾ ਕਿ ਬਸ ਹੁਣੇ ਡਿੱਗੀ ਕੇ ਡਿੱਗੀ; ਪਰ ਇਹ ਕਦੇ ਨਾ ਹੁੰਦਾ। ਸਾਰੀ ਸਵੇਰ ਇਸੇ ਕੰਮ 'ਚ ਨਿਕਲ ਗਈ ਸੀ, ਇੱਕ-ਇੱਕ ਕਰਕੇ ਪੂਰੀ ਥੈਲੀ ਗਿਰੀਆਂ ਦੀ ਅਸੀਂ ਉਸਨੂੰ ਦੇ ਛੱਡੀ ਸੀ; ਹੁਣ ਉਹ ਕਾਫ਼ੀ ਘੁਲ-ਮਿਲ ਗਈ ਸੀ, ਤੇ ਸਿੱਧਾ ਕਮਰੇ 'ਚ ਆ ਜਾਂਦੀ, ਉਸ ਦੀ ਫ਼ਰ ਲਿਸ਼-ਲਿਸ਼ ਕਰਦੀ ਤੇ ਮਣਕੇ ਵਰਗੀਆਂ ਉਸ ਦੀਆਂ ਅੱਖਾਂ ਦੂਰੋਂ ਚਮਕਦੀਆਂ। ਉਸਦੇ ਪੰਜੇ ਤਿੱਖੇ ਤੇ ਮੋਟੀ ਰੋਏਂਦਾਰ ਪੂੰਛ ਸੀ। ਉਹ ਨਿੱਕਾ ਜਾਨਵਰ ਬੜਾ ਹੀ ਮਸਤ ਤੇ ਜ਼ਿੰਮੇਵਾਰ ਸੀ, ਲਗਦਾ ਇੰਝ ਸੀ ਕਿ ਸਾਰੇ ਆਂਢ-ਗੁਆਂਢ 'ਤੇ ਉਸੇ ਦੀ

ਹਕੂਮਤ ਸੀ, ਹੋਰ ਕਿਸੇ ਗਿਲਹਰੀ ਨੂੰ ਉਹ ਲਾਗੇ ਨਹੀਂ ਸੀ ਫਟਕਣ ਦਿੰਦੀ।

ਉਹ ਇੱਕ ਖ਼ੁਸ਼ਗਵਾਰ ਆਦਮੀ ਸੀ ਤੇ ਸਿਆਣਪ ਲਈ ਬਹੁਤ ਹੀ ਉਤਾਵਲਾ। ਉਹ ਉਸਨੂੰ ਉਵੇਂ ਹੀ ਇਕੱਠਾ ਕਰਨਾ ਚਾਹੁੰਦਾ ਜਿਵੇਂ ਗਿਲਹਰੀ ਮੇਵੇ-ਗਿਰੀਆਂ ਜਮ੍ਹਾਂ ਕਰਦੀ ਸੀ। ਹਾਲਾਂਕਿ ਉਹ ਕੋਈ ਬਾਹਲਾ ਅਮੀਰ ਤਾਂ ਨਹੀਂ ਸੀ, ਪਰ ਚੰਗਾ ਘੁੰਮਿਆ-ਫਿਰਿਆ ਹੋਵੇਗਾ, ਕਈ ਮੁਲਕਾਂ ਦੇ ਲੋਕਾਂ ਨੂੰ ਉਹ ਮਿਲ ਚੁੱਕਿਆ ਲਗਦਾ ਸੀ। ਸਪੱਸ਼ਟ ਸੀ ਕਿ ਉਹ ਕਾਫ਼ੀ ਪੜ੍ਹਿਆ-ਲਿਖਿਆ ਵੀ ਸੀ, ਕਿਉਂ ਕਿ ਗੱਲ-ਗੱਲ 'ਤੇ ਉਹ ਕਿਸੇ ਨਾ ਕਿਸੇ ਫ਼ਲਾਸਾਫ਼ਰ ਜਾਂ ਸੰਤ ਦੇ ਦੋ-ਚਾਰ ਫ਼ਿਕਰੇ ਜ਼ਰੂਰ ਸੁਣਾਉਂਦਾ। ਉਸਨੇ ਦੱਸਿਆ ਕਿ ਉਹ ਯੂਨਾਨੀ ਭਾਸ਼ਾ ਤਾਂ ਆਸਾਨੀ ਨਾਲ਼ ਪੜ੍ਹ ਸਕਦਾ ਹੈ ਤੇ ਸੰਸਕ੍ਰਿਤ ਨਾਲ਼ ਵੀ ਉਸ ਦੀ ਮਾੜੀ-ਮੋਟੀ ਵਾਕਫ਼ੀਅਤ ਹੈ। ਉਹ ਹੁਣ ਬੁੱਢਾ ਹੋ ਰਿਹਾ ਸੀ ਤੇ ਗਿਆਨ ਇਕੱਠਾ ਕਰਨ ਲਈ ਕਾਹਲ਼ਾ ਸੀ।

ਕੀ ਕੋਈ ਸਿਆਣਪ ਦਾ ਭੰਡਾਰ ਕਰ ਸਕਦਾ ਹੈ?

'ਕਿਉਂ ਨਹੀਂ? ਅਨੁਭਵ ਹੀ ਬੰਦੇ ਨੂੰ ਸਿਆਣਾ ਬਣਾਉਂਦਾ ਹੈ, ਤੇ ਸਿਆਣਪ ਲਈ ਗਿਆਨ ਲਾਜ਼ਮੀ ਹੈ।'

ਕੀ ਉਹ ਬੰਦਾ ਜਿਸਨੇ ਬਹੁਤ ਜੋੜ ਰੱਖਿਆ ਹੈ, ਸਿਆਣਾ ਹੋ ਸਕਦਾ ਹੈ?

'ਜੀਵਨ ਇਕੱਠਾ ਕਰਨ ਦਾ ਹੀ ਨਾਂ ਹੈ, ਹੌਲ਼ੀ-ਹੌਲ਼ੀ ਕਰਕੇ ਚਰਿੱਤਰ ਦਾ ਨਿਰਮਾਣ ਕਰਦੇ ਜਾਣਾ, ਧੀਰੇ-ਧੀਰੇ ਖੁੱਲ੍ਹਣਾ। ਅਨੁਭਵ ਆਖ਼ਰਕਾਰ ਗਿਆਨ ਸਟੋਰ ਕਰਨਾ ਹੀ ਹੈ। ਕੁਝ ਵੀ ਸਮਝਣ ਲਈ ਗਿਆਨ ਤਾਂ ਚਾਹੀਦਾ ਹੀ ਹੈ।'

ਕੀ ਗਿਆਨ ਜਾਂ ਅਨੁਭਵ ਨਾਲ਼ ਸਮਝ ਆ ਜਾਂਦੀ ਹੈ? ਗਿਆਨ ਤਾਂ ਅਨੁਭਵ ਦੀ ਰਹਿੰਦ-ਖੂੰਹਦ ਹੀ ਹੈ, ਬੀਤੇ ਹੋਏ ਦਾ ਭੰਡਾਰ। ਗਿਆਨ, ਚੇਤਨਾ, ਇਹ ਸਦਾ ਅਤੀਤ ਹੀ ਹਨ; ਤੇ ਕੀ ਅਤੀਤ ਕਦੇ ਸਮਝਦਾਰ ਹੋ ਸਕਦਾ ਹੈ? ਸਮਝ ਕੀ ਉਨ੍ਹਾਂ ਛਿਣਾਂ 'ਚ ਨਹੀਂ ਆਉਂਦੀ ਜਦੋਂ ਸੋਚ ਖ਼ਾਮੋਸ਼ ਹੁੰਦੀ ਹੈ? ਕੀ ਉਨ੍ਹਾਂ ਘੜੀਆਂ ਨੂੰ ਲੰਬਾ ਖਿੱਚਣ ਜਾਂ ਜਮ੍ਹਾਂ ਕਰਨ ਦੀ ਕੋਈ ਕੋਸ਼ਿਸ਼ ਸਿਆਣਪ ਦੇ ਦਰ ਖੋਲ੍ਹ ਸਕਦੀ ਹੈ?

'ਜਮ੍ਹਾਂ ਕੀਤੇ ਬਿਨਾਂ ਤਾਂ ਸਾਡਾ ਕੋਈ ਵਜੂਦ ਹੀ ਨਹੀਂ; ਨਾ ਹੀ ਕੋਈ ਚਿੰਤਨ-ਪਰੰਪਰਾ ਹੋਏਗੀ, ਨਾ ਹੀ ਐਕਸ਼ਨ। ਜਮ੍ਹਾਂ ਕਰਨਾ ਹੀ ਕਿਰਦਾਰ ਹੈ, ਜਮ੍ਹਾਂ ਕਰਨਾ ਹੀ ਸਦਗੁਣ ਹੈ। ਜਮ੍ਹਾਂ ਕੀਤੇ ਬਿਆਨ ਅਸੀਂ ਰਹਿ ਹੀ ਨਹੀਂ ਸਕਦੇ। ਜੇ ਮੈਨੂੰ ਉਸ ਮੋਟਰ ਦੇ ਢਾਂਚੇ ਦਾ ਪਤਾ ਨਹੀਂ ਹੋਵੇਗਾ, ਮੈਂ ਉਸਨੂੰ ਸਮਝ ਹੀ ਨਹੀਂ ਸਕਾਂਗਾ; ਜੇ ਮੈਨੂੰ ਸੰਗੀਤ ਸਰੰਚਨਾ ਦਾ ਗਿਆਨ ਨਹੀਂ ਹੋਵੇਗਾ ਤਾਂ ਮੈਂ ਉਸ ਦੀ ਡੂੰਘਾਈ 'ਚ ਨਹੀਂ ਜਾ ਸਕਾਂਗਾ। ਸਿਰਫ਼ ਥੋਥੇ ਆਦਮੀ ਹੀ ਸੰਗੀਤ ਦਾ ਸੁਆਦ ਲੈਂਦੇ ਹਨ। ਸੰਗੀਤ ਦਾ ਸਹੀ ਰਸ ਮਾਣਨ ਲਈ ਤੁਹਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਬਣਿਆ ਕਿਵੇਂ ਹੈ, ਕਿਵੇਂ ਧੁਨ ਬਣੀ ਹੈ। ਜਾਨਣਾ ਇਕੱਠਾ ਕਰਨਾ ਹੀ ਹੈ। ਤੱਥਾਂ ਦੀ ਜਾਣਕਾਰੀ ਤੋਂ ਬਿਨਾਂ ਤੁਸੀਂ ਕਿਸੇ ਚੀਜ਼ ਦਾ ਸੁਆਦ ਨਹੀਂ ਲੈ ਸਕਦੇ। ਸਿਆਣਪ ਲਈ ਕੁਝ ਨਾ ਕੁਝ ਤਾਂ ਜੋੜਨਾ ਹੀ ਪੈਂਦਾ ਹੈ, ਇਹੋ ਸਮਝਦਾਰੀ ਹੈ।'

ਪਰ ਜੇ ਕੁਝ ਲੱਭਣਾ ਹੈ ਤਾਂ ਸੁਤੰਤਰਤਾ ਤਾਂ ਚਾਹੀਦੀ ਹੈ, ਕਿ ਨਹੀਂ ਚਾਹੀਦੀ? ਜੇ ਤੁਸੀਂ ਬੱਝੇ ਹੋਏ ਹੋ, ਬੋਝ ਨਾਲ਼ ਲੱਦੇ ਹੋ, ਤਾਂ ਦੂਰ ਤਾਈਂ ਨਹੀਂ ਜਾ ਸਕਦੇ। ਜੇ ਤੁਸੀਂ ਕਿਸੇ ਵੀ ਤਰ੍ਹਾਂ ਦੀ ਜ਼ਖ਼ੀਰੇਬਾਜ਼ੀ ਕਰ ਰਹੇ ਹੋ ਤਾਂ ਸੁਤੰਤਰਤਾ ਕਿਵੇਂ ਹੋ ਸਕਦੀ ਹੈ? ਭਾਵੇਂ ਇਹ

ਜ਼ਖ਼ੀਰੇਬਾਜ਼ੀ ਦੌਲਤ ਦੀ ਹੋਵੇ ਜਾਂ ਗਿਆਨ ਦੀ, ਜ਼ਖ਼ੀਰੇਬਾਜ਼ ਕਦੇ ਆਜ਼ਾਦ ਨਹੀਂ ਹੋ ਸਕਦਾ। ਚੀਜ਼ਾਂ ਇਕੱਠੀਆਂ ਕਰਨ ਤੋਂ ਤੁਸੀਂ ਮੁਕਤ ਹੋ ਸਕਦੇ ਹੋ, ਪਰ ਗਿਆਨ ਦਾ ਲੋਭ ਵੀ ਬੰਧਨ ਹੀ ਹੈ, ਉਹ ਤੁਹਾਨੂੰ ਜਕੜ ਲੈਂਦਾ ਹੈ। ਜਿਹੜਾ ਮਨ ਕਿਸੇ ਵੀ ਤਰ੍ਹਾਂ ਦੀ ਜ਼ਖ਼ੀਰੇਬਾਜ਼ੀ 'ਚ ਫਸਿਆ ਹੈ, ਕੀ ਉਹ ਕਦੇ ਆਜ਼ਾਦੀ ਨਾਲ਼ ਦੂਰ ਤਾਈਂ ਘੁੰਮ-ਫਿਰ ਸਕਦਾ ਹੈ, ਕੁਝ ਨਵਾਂ ਲੱਭ ਸਕਦਾ ਹੈ? ਕੀ ਸਦਗੁਣ ਕੋਈ ਜ਼ਖ਼ੀਰੇਬਾਜ਼ੀ ਹੈ? ਜਿਹੜਾ ਮਨ ਗੁਣਾਂ ਦਾ ਭੰਡਾਰ ਕਰਦਾ ਰਹਿੰਦਾ ਹੈ, ਕੀ ਉਹ ਕਦੇ ਗੁਣਵਾਨ ਹੋ ਸਕਦਾ ਹੈ? ਸਦਗੁਣ ਕੀ ਕੁਝ ਬਣਨ ਤੋਂ ਮੁਕਤ ਹੋਣਾ ਹੀ ਨਹੀਂ? ਕਿਰਦਾਰ ਜਾਂ ਚਰਿੱਤਰ ਵੀ ਬੰਧਨ ਹੋ ਸਕਦਾ ਹੈ। ਪਰ ਸਦਗੁਣ ਬੰਧਨ ਨਹੀਂ ਹੋ ਸਕਦਾ, ਜਦਕਿ ਹਰ ਤਰ੍ਹਾਂ ਦੀ ਜ਼ਖ਼ੀਰੇਬਾਜ਼ੀ ਬੰਧਨ ਹੀ ਹੈ।

'ਅਨੁਭਵ ਤੋਂ ਬਿਨਾਂ ਸਮਝ ਕਿਵੇਂ ਹੋ ਸਕਦੀ ਹੈ?'

ਸਿਆਣਪ ਇੱਕ ਚੀਜ਼ ਹੈ ਤੇ ਗਿਆਨ ਬਿਲਕੁਲ ਦੂਸਰੀ। ਗਿਆਨ ਇਕੱਠਾ ਕੀਤਾ ਹੋਇਆ ਅਨੁਭਵ ਹੈ, ਇਹ ਅਨੁਭਵ ਦੀ ਨਿਰੰਤਰਤਾ ਹੈ, ਜੋ ਕਿ ਯਾਦਦਾਸ਼ਤ ਹੈ। ਯਾਦਦਾਸ਼ਤ ਨੂੰ ਵਧਾਇਆ ਜਾ ਸਕਦਾ ਹੈ, ਪੱਕਾ ਕੀਤਾ ਜਾ ਸਕਦਾ ਹੈ, ਕੋਈ ਸ਼ਕਲ ਜਾਂ ਸੰਸਕਾਰ ਦਿੱਤੇ ਜਾ ਸਕਦੇ ਹਨ; ਪਰ ਕੀ ਸਿਆਣਪ ਯਾਦਦਾਸ਼ਤ ਨੂੰ ਵਧਾਉਣਾ ਹੈ? ਜਿਸ 'ਚ ਨਿਰੰਤਰਤਾ ਹੈ, ਕੀ ਉਹ ਸਿਆਣਪ ਹੈ? ਸਾਡੇ ਕੋਲ਼ ਗਿਆਨ ਹੈ, ਸਦੀਆਂ ਦਾ ਇਕੱਠਾ ਕੀਤਾ ਹੋਇਆ; ਫੇਰ ਕਿਉਂ ਅਸੀਂ ਸਿਆਣੇ ਨਹੀਂ, ਖ਼ੁਸ਼ ਤੇ ਸਿਰਜਨਸ਼ੀਲ ਨਹੀਂ? ਕੀ ਗਿਆਨ ਆਨੰਦ ਦਾ ਆਧਾਰ ਹੋ ਸਕਦਾ ਹੈ? ਜਾਨਣਾ ਜੋ ਕਿ ਤਜਰਬਾ ਇਕੱਠਾ ਕਰਨਾ ਹੀ ਹੈ, ਇਹ ਮਹਿਸੂਸ ਕਰਨਾ ਨਹੀਂ ਹੈ, ਅਹਿਸਾਸ ਨਹੀਂ ਹੈ। ਜਾਨਣਾ ਅਹਿਸਾਸ ਦੇ ਰਾਹ 'ਚ ਰੁਕਾਵਟ ਹੈ। ਅਨੁਭਵ ਇਕੱਠਾ ਕਰਨ ਦੀ ਇੱਕ ਪ੍ਰਕਿਰਿਆ ਹੈ, ਤੇ ਹਰ ਅਨੁਭਵ ਇਸ ਪ੍ਰਕਿਰਿਆ ਨੂੰ ਮਜਬੂਤ ਕਰਦਾ ਹੈ; ਹਰ ਅਨੁਭਵ ਯਾਦਦਾਸ਼ਤ ਨੂੰ ਪੱਕਿਆਂ ਕਰਦਾ ਹੈ, ਉਸਨੂੰ ਜੀਵਨ ਦਿੰਦਾ ਹੈ। ਯਾਦਾਂ ਦੀ ਨਿਰੰਤਰ ਪ੍ਰਤਿਕਿਰਿਆ ਤੋਂ ਬਿਨਾਂ ਯਾਦਦਾਸ਼ਤ ਛੇਤੀ ਹੀ ਮੁਰਝਾ ਜਾਂਦੀ ਹੈ। ਸੋਚਣਾ-ਵਿਚਾਰਨਾ ਤਾਂ ਯਾਦਾਂ ਨੂੰ, ਸ਼ਬਦਾਂ ਨੂੰ, ਅਨੁਭਵ ਨੂੰ ਇਕੱਠਾ ਕਰਨਾ ਹੀ ਹੈ। ਯਾਦਾਂ ਵੀ ਚੇਤਨਾ ਵਾਂਗ ਅਤੀਤ ਦਾ ਹੀ ਇਕੱਠ ਹਨ। ਅਤੀਤ ਦਾ ਇਹ ਸਾਰਾ ਬੋਝ ਹੀ ਮਨ ਹੈ, ਸੋਚਾਂ ਹਨ। ਸੋਚਾਂ ਤਾਂ ਇਕੱਠੀ ਕੀਤੀ ਹੋਈ ਸਮੱਗਰੀ ਹਨ; ਕਿਵੇਂ ਸੋਚਾਂ ਨਵੇਂ ਨੂੰ ਲਭਣ ਲਈ ਮੁਕਤ ਹੋ ਸਕਦੀਆਂ ਹਨ? ਨਵੇਂ ਦੇ ਹੋਣ ਲਈ ਤਾਂ ਉਨ੍ਹਾਂ ਨੂੰ ਖ਼ਤਮ ਹੋਣਾ ਪਵੇਗਾ।

'ਇੱਕ ਹੱਦ ਤੱਕ ਤਾਂ ਮੈਂ ਇਹ ਸਮਝ ਸਕਦਾ ਹਾਂ; ਪਰ ਸੋਚ-ਵਿਚਾਰ ਤੋਂ ਬਿਨਾਂ ਸਮਝ ਕਿਵੇਂ ਹੋ ਸਕਦੀ ਹੈ?'

ਕੀ ਸਮਝ ਬੀਤੇ ਹੋਏ ਦੀ ਪ੍ਰਕਿਰਿਆ ਹੈ, ਜਾਂ ਇਹ ਹਮੇਸ਼ਾਂ ਵਰਤਮਾਨ 'ਚ ਹੁੰਦੀ ਹੈ? ਸਮਝਦਾਰੀ ਦਾ ਮਤਲਬ ਹੈ, ਵਰਤਮਾਨ 'ਚ ਕੀਤਾ ਹੋਇਆ ਐਕਸ਼ਨ। ਕੀ ਤੁਸੀਂ ਕਦੇ ਧਿਆਨ ਨਹੀਂ ਦਿੱਤਾ ਕਿ ਸਮਝ ਤਾਂ ਤਤਛਿਣ ਹੁੰਦੀ ਹੈ, ਉਸੇ ਵੇਲ਼ੇ, ਉਸ 'ਚ ਕੋਈ ਟਾਈਮ ਨਹੀਂ ਲਗਦਾ? ਕੀ ਸਮਝ ਕੋਈ ਹੌਲ਼ੀ-ਹੌਲ਼ੀ ਵਾਪਰਣ ਵਾਲ਼ੀ ਘਟਨਾ ਹੈ? ਸਮਝ ਤਾਂ ਸਦਾ ਤੁਰੰਤ ਆਉਂਦੀ ਹੈ, ਉਸੇ ਛਿਣ, ਕੀ ਇਸੇ ਤਰ੍ਹਾਂ ਨਹੀਂ ਹੈ? ਸੋਚ-ਵਿਚਾਰ ਅਤੀਤ ਦੀ ਪੈਦਾਵਾਰ ਹੈ; ਇਸ ਦੀਆਂ ਜੜ੍ਹਾਂ ਬੀਤੇ ਹੋਏ 'ਚ ਹਨ, ਇਹ ਅਤੀਤ ਦਾ ਹੀ ਹੁੰਗਾਰਾ ਹੈ।

ਅਤੀਤ ਇੱਕ ਜ਼ਖ਼ੀਰਾ ਹੈ, ਤੇ ਸੋਚ ਉਸੇ ਦਾ ਭਰਿਆ ਹੁੰਗਾਰਾ ਹੈ। ਫੇਰ ਸੋਚ ਸਮਝ ਕਿਵੇਂ ਸਕਦੀ ਹੈ? ਸਮਝ ਕੀ ਕੋਈ ਚੇਤਨ ਪ੍ਰਕਿਰਿਆ ਹੈ? ਕੀ ਤੁਸੀਂ ਸੋਚ-ਵਿਚਾਰ ਕੇ ਕੁਝ ਸਮਝਣ ਦਾ ਫੈਸਲਾ ਕਰਦੇ ਹੋ? ਕੀ ਤੁਸੀਂ ਇਹ ਨਿਰਣਾ ਲੈਂਦੇ ਹੋ ਕਿ ਸ਼ਾਮ ਬਹੁਤ ਸੁੰਦਰ ਹੈ, ਇਸ ਦਾ ਨਜ਼ਾਰਾ ਲੈਣਾ ਹੈ?

'ਪਰ ਕੀ ਸਮਝ ਇੱਕ ਸੋਚੀ-ਸਮਝੀ ਜਾਂ ਚੇਤਨ ਤੌਰ 'ਤੇ ਕੀਤੀ ਗਈ ਕੋਸ਼ਿਸ਼ ਨਹੀਂ?'

ਚੇਤਨ ਤੋਂ ਤੁਹਾਡਾ ਕੀ ਭਾਵ ਹੈ? ਕਦੋਂ ਤੁਸੀਂ ਚੇਤਨ ਹੁੰਦੇ ਹੋ? ਕਿਸੇ ਚੁਨੌਤੀ ਜਾਂ ਉਤੇਜਨਾ ਨੂੰ ਭਰਿਆ ਸਾਡਾ ਹੁੰਗਾਰਾ ਹੀ ਕੀ ਚੇਤਨਾ ਨਹੀਂ ਹੈ, ਉਹ ਚੁਨੌਤੀ ਸੁੱਖ ਭਰੀ ਵੀ ਹੋ ਸਕਦੀ ਹੈ ਤੇ ਦੁੱਖਦਾਈ ਵੀ? ਕਿਸੇ ਚੁਨੌਤੀ ਨੂੰ ਅਸੀਂ ਕਿਵੇਂ ਨਜਿੱਠਦੇ ਹਾਂ, ਉਹੀ ਅਨੁਭਵ ਹੈ। ਨਾਮ ਦੇਣਾ, ਪਰਿਭਾਸ਼ਿਤ ਕਰਨਾ, ਮੇਲਜੋਲ ਗੱਠਣਾ, ਇਹੋ ਸਭ ਹੀ ਅਨੁਭਵ ਹੈ। ਨਾਂ ਦਿੱਤੇ ਬਿਨਾਂ ਕੋਈ ਅਨੁਭਵ ਹੋ ਹੀ ਨਹੀਂ ਸਕਦਾ, ਜਾਂ ਹੋ ਸਕਦਾ ਹੈ? ਚੁਨੌਤੀ ਦੀ ਇਹ ਸਾਰੀ ਪ੍ਰਕਿਰਿਆ, ਉਸ ਦਾ ਜਵਾਬ, ਨਾਮਕਰਣ ਤੇ ਅਨੁਭਵ ਹੀ ਤਾਂ ਚੇਤਨਾ ਹੈ, ਕਿ ਨਹੀਂ? ਚੇਤਨਾ ਹਮੇਸ਼ਾਂ ਬੀਤੇ ਦਾ ਅਮਲ ਹੈ। ਸੁਚੇਤ ਕੋਸ਼ਿਸ਼, ਸਮਝਣ ਦੀ ਚਾਹ, ਕੁਝ ਹੋਣ ਦਾ ਇਰਾਦਾ, ਇਕੱਠਾ ਕਰਨ ਦਾ, ਇਹ ਸਭ ਅਤੀਤ ਦੀ ਹੀ ਨਿਰੰਤਰਤਾ ਹੈ, ਥੋੜ੍ਹਾ ਸੁਧਰਿਆ ਹੋਇਆ, ਪਰ ਹੈ ਹਾਲੇ ਵੀ ਅਤੀਤ ਹੀ। ਜਦੋਂ ਅਸੀਂ ਕੁਝ ਹੋਣ ਜਾਂ ਬਣਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਉਹ 'ਕੁਝ' ਸਾਡੀ ਹੀ ਕਲਪਨਾ ਹੁੰਦਾ ਹੈ। ਜਦੋਂ ਅਸੀਂ ਸੁਚੇਤ ਹੋ ਕੇ ਕੁਝ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਾਨੂੰ ਉਹੋ ਸੁਣਾਈ ਪੈਂਦਾ ਹੈ ਜੋ ਇਕੱਠਾ ਕੀਤਾ ਹੁੰਦਾ ਹੈ। ਇਹੋ ਸ਼ੋਰ ਹੈ ਜਿਹੜਾ ਸਮਝਣ ਤੋਂ ਰੋਕਦਾ ਹੈ।

'ਤਾਂ ਫੇਰ ਸਿਆਣਪ ਕੀ ਹੈ?'

ਸਿਆਣਪ ਉੱਥੇ ਹੈ ਜਿੱਥੇ ਗਿਆਨ ਦਾ ਅੰਤ ਹੈ। ਗਿਆਨ ਦੀ ਇੱਕ ਨਿਰੰਤਰਤਾ ਹੈ; ਨਿਰੰਤਰਤਾ ਤੋਂ ਬਿਨਾਂ ਗਿਆਨ ਹੋ ਹੀ ਨਹੀਂ ਸਕਦਾ। ਤੇ ਜੋ ਨਿਰੰਤਰ ਹੈ, ਉਹ ਮੁਕਤ ਨਹੀਂ ਹੋ ਸਕਦਾ, ਨਵਾਂ ਨਹੀਂ ਹੋ ਸਕਦਾ। ਆਜ਼ਾਦੀ ਸਿਰਫ਼ ਉਸੇ ਲਈ ਹੈ, ਜਿਸ ਦਾ ਇੱਕ ਅੰਤ ਹੈ। ਗਿਆਨ ਕਦੇ ਨਵਾਂ ਨਹੀਂ ਹੋ ਸਕਦਾ, ਇਹ ਹਮੇਸ਼ਾਂ ਪੁਰਾਣੇ 'ਚ ਢਲਦੇ ਰਹਿਣਾ ਹੈ। ਪੁਰਾਣਾ ਸਦਾ ਨਵੇਂ ਨੂੰ ਜਜ਼ਬ ਕਰਦਾ ਰਹਿੰਦਾ ਹੈ, ਤੇ ਇਸ ਤਰ੍ਹਾਂ ਖ਼ੁਦ ਨੂੰ ਤਗੜਾ ਕਰਦਾ ਰਹਿੰਦਾ ਹੈ। ਨਵੇਂ ਦੇ ਹੋਣ ਲਈ ਪੁਰਾਣੇ ਨੂੰ ਖ਼ਤਮ ਹੋਣਾ ਪਵੇਗਾ।

'ਦੂਜੇ ਸ਼ਬਦਾਂ 'ਚ ਤੁਹਾਡਾ ਮਤਲਬ ਹੈ ਕਿ ਸਿਆਣਪ ਦੇ ਹੋਣ ਲਈ ਸੋਚ ਦਾ ਖ਼ਾਤਮਾ ਜ਼ਰੂਰੀ ਹੈ। ਪਰ ਸੋਚ ਦਾ ਇਹ ਅੰਤ ਹੋਇਗਾ ਕਿਵੇਂ?'

ਕਿਸੇ ਵੀ ਤਰ੍ਹਾਂ ਦੇ ਅਨੁਸ਼ਾਸਨ, ਅਭਿਆਸ ਜਾਂ ਜ਼ੋਰ-ਜ਼ਬਰਦਸਤੀ ਰਾਹੀਂ ਸੋਚ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਸੋਚਣ ਵਾਲ਼ਾ ਸੋਚਾਂ ਦਾ ਹੀ ਹਿੱਸਾ ਹੈ, ਤੇ ਉਹ ਖ਼ੁਦ ਆਪਣਾ ਆਪ੍ਰੇਸ਼ਨ ਨਹੀਂ ਕਰ ਸਕਦਾ; ਜਦੋਂ ਵੀ ਉਹ ਇੱਦਾਂ ਦਾ ਕੁਝ ਕਰਦਾ ਹੈ, ਉਹ ਸਿਰਫ਼ ਖ਼ੁਦ ਨੂੰ ਹੀ ਮੂਰਖ ਬਣਾਉਣ ਵਾਲ਼ੀ ਗੱਲ ਹੁੰਦੀ ਹੈ। ਉਹ ਸੋਚ ਹੀ ਹੈ, ਸੋਚ ਨਾਲ਼ੋਂ ਵੱਖਰਾ ਨਹੀਂ; ਉਹ ਭਾਵੇਂ ਖ਼ੁਦ ਨੂੰ ਵੱਖਰਾ ਮੰਨਦਾ ਰਹੇ, ਕੁਝ ਹੋਰ ਸਮਝਦਾ ਰਹੇ, ਪਰ ਇਹ ਸਭ ਸਿਰਫ਼ ਸੋਚ ਦੀਆਂ ਹੀ ਚਲਾਕੀਆਂ ਹਨ, ਆਪਣੇ ਆਪ ਨੂੰ ਇੱਕ ਸਥਿਰਤਾ ਦੇਣ ਲਈ। ਜਦ ਸੋਚ ਹੀ ਸੋਚ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਦੀ ਹੈ, ਤਾਂ ਉਹ ਬਸ ਖ਼ੁਦ ਨੂੰ ਹੀ ਤਗੜਾ ਕਰਦੀ

ਹੈ। ਭਾਵੇਂ ਕਿੰਨਾ ਵੀ ਜ਼ੋਰ ਲਾਵੇ, ਸੋਚ ਖ਼ੁਦ ਨੂੰ ਖ਼ਤਮ ਨਹੀਂ ਕਰ ਸਕਦੀ। ਜਦੋਂ ਇਸ ਸੱਚਾਈ ਨੂੰ ਦੇਖ ਲਿਆ ਜਾਂਦਾ ਹੈ, ਸਿਰਫ਼ ਉਦੋਂ ਹੀ ਸੋਚ ਦਾ ਖ਼ਾਤਮਾ ਹੁੰਦਾ ਹੈ। ਆਜ਼ਾਦੀ ਸਿਰਫ਼ 'ਜੋ ਹੈ' ਉਸਨੂੰ ਦੇਖਣ 'ਚ ਹੀ ਹੈ, ਤੇ ਸਿਆਣਪ ਉਸ ਸੱਚਾਈ ਦਾ ਬੋਧ ਹੈ। ਤੇ ਇਹ 'ਜੋ ਹੈ', ਇਹ ਕਦੇ ਖੜੋਤ 'ਚ ਨਹੀਂ ਰਹਿੰਦਾ, ਤੇ ਬਿਲਕੁਲ ਸ਼ਾਂਤ ਹੋ ਕੇ ਇਸਨੂੰ ਦੇਖਣ ਲਈ ਬੀਤੇ ਦੇ ਸਾਰੇ ਭੰਡਾਰ ਤੋਂ ਮੁਕਤੀ ਜ਼ਰੂਰੀ ਹੈ।